# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E Block, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ

**(ਵੋਕੇਸ਼ਨਲ ਸਿੱਖਿਆ ਅਤੇ NSQF, ਪੰਜਾਬ)**

ਵੱਲ,	**(Through Website)**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪੰਜਾਬ
ਸਮੂਹ ਸਕੂਲ ਮੁੱਖੀ

ਮੀਮੋ ਨੰ: ਵੋਕੇਸ਼ਨਲ ਐਜੂਕੇਸ਼ਨ/2018/48657
ਮਿਤੀ, ਐਸ.ਏ.ਐਸ ਨਗਰ 11.10.2018

ਵਿਸ਼ਾ: **NSQF ਅਧੀਨ ਸਕੂਲ ਪੱਧਰ ਤੇ VTPs ਰਾਹੀਂ ਤੈਨਾਤ/ਕੰਮ ਕਰ ਰਹੇ ਵੋਕੇਸ਼ਨਲ ਟ੍ਰੇਂਨਰਜ਼ (VTs) ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਕੇਸ ਵਿੱਚ ਦਸਣਯੋਗ ਹੋਵੇਗਾ ਕਿ ਮੌਜੂਦਾ ਸਮੇਂ NSQF ਅਧੀਨ ਕੁੱਲ 780 ਸਕੂਲ ਚੱਲ ਰਹੇ ਹਨ ਅਤੇ ਜਲਦ ਹੀ 175 ਸਕੂਲ ਹੋਰ ਸ਼ਾਮਿਲ ਕੀਤੇ ਜਾ ਰਹੇ ਹਨ। ਇਨ੍ਹਾਂ ਸਕੂਲਾਂ ਵਿੱਚ ਮੌਜੂਦਾ ਸਮੇਂ ਕੁੱਲ 1560 ਦੇ ਕਰੀਬ ਵੋਕੇਸ਼ਨਲ ਟ੍ਰੇਂਨਰਜ਼ (VTs) ਕੰਮ ਕਰੇ ਹਨ।

3. ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ NSQF ਅਧੀਨ VTPs (ਕੰਪਨੀਆਂ) ਵੱਲੋਂ ਜੋ ਵੱਖ ਵੱਖ ਟ੍ਰੇਡਾਂ ਦੇ ਵੋਕੇਸ਼ਨਲ ਟ੍ਰੇਂਨਰਜ਼ ਸਕੂਲਾਂ ਵਿੱਚ ਮੁਹੱਈਆ/ਤੈਨਾਤ ਕੀਤੇ ਗਏ ਹਨ, ਇਨ੍ਹਾਂ ਕੰਮ ਕਰ ਨੂੰ ਵੋਕੇਸ਼ਨਲ ਟ੍ਰੇਂਨਰਜ਼ (VTs) ਨੂੰ ਕਈ ਸਕੂਲ ਮੁੱਖੀਆਂ ਵੱਲੋਂ ਵੋਕੇਸ਼ਨਲ ਟੀਚਰ ਜਾਂ ਵੋਕੇਸ਼ਨਲ ਮਾਸਟਰ ਦਾ ਨਾਮ ਦਿੱਤਾ ਗਿਆ ਜੋ ਕਿ ਗਲਤ ਹੈ। ਜਦੋਕਿ ਇਹ ਕੰਪਨੀਆਂ ਵੱਲੋਂ ਮੁਹੱਈਆ/ਤੈਨਾਤ ਕੀਤੇ ਗਏ ਵੋਕੇਸ਼ਨਲ ਟ੍ਰੇਂਨਰਜ਼ ਹਨ।

4. ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ NSQF ਅਧੀਨ VTPs (ਕੰਪਨੀਆਂ) ਵੱਲੋਂ ਤੈਨਾਤ ਵੋਕੇਸ਼ਨਲ ਟ੍ਰੇਂਨਰਜ਼ (VTs) ਦਾ ਨਾਮ ਵੋਕੇਸ਼ਨਲ ਟ੍ਰੇਂਨਰਜ਼ ਹੀ ਵਰਤਿਆ ਜਾਵੇ। ਇਸ ਤੋਂ ਇਲਾਵਾ ਇਨ੍ਹਾਂ ਕੰਮ ਕਰ ਰਹੇ ਵੋਕੇਸ਼ਨਲ ਟ੍ਰੇਂਨਰਜ਼ ਦਾ ਰਿਕਾਰਡ ਵੀ ਸਕੂਲ ਪੱਧਰ ਤੇ ਮੇਨਟੇਨ ਕੀਤਾ ਜਾਵੇ।

5. ਇਨ੍ਹਾਂ ਹੁਕਮਾਂ ਦੀ ਇੰਨਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਵੋਕੇਸ਼ਨਲ ਸਿੱਖਿਆ, ਪੰਜਾਬ**

ਪਿਠ ਅੰਕਣ ਨੰ: ਵੋਕੇਸ਼ਨਲ ਐਜੂਕੇਸ਼ਨ/2018/ਉਕਤ	ਮਿਤੀ: ਉਕਤ

ਉਪਰੋਕਤ ਦਾ ਉਤਾਰਾ ਐਮ.ਆਈ.ਐਸ ਸ਼ਾਖਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਈ.ਪੋਰਟਲ ਤੇ ਇਨ੍ਹਾਂ ਵੋਕੇਸ਼ਨਲ ਟ੍ਰੇਂਨਰਜ਼ ਦਾ ਵੇਰਵਾ ਦਰੁਸ਼ਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਵੋਕੇਸ਼ਨਲ ਸਿੱਖਿਆ, ਪੰਜਾਬ**